ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਮਈ 2020

# ਗਲੀ ਵਿੱਚ (ਸ਼ਰਧਾ ਰਾਮ ਫ਼ਿਲੌਰੀ)



## 1.ਗਲੀ ਵਿੱਚ ਲੇਖ ਦਾ ਸਾਰ ਲਿਖੋ ?

ਗਲੀ ਵਿੱਚ ਛਾਬੜੀ ਵਾਲੇ ਨੇ ਹੋਕਾ ਦਿੱਤਾ ਅਤੇ ਗਲੀ ਦੀਆਂ ਤੀਵੀਆਂ ਆ ਕੇ ਉਸ ਕੋਲੋਂ ਸੇਵੀਆਂ-ਪਾਪੜ ਤੇ ਦਾਲ ਖ਼ਰੀਦ ਕੇ ਖਾਣ ਲੱਗੀਆਂ। ਛਾਪੜੀ ਵਾਲੇ ਦੀ ਇੱਛਾ ਅਨੁਸਾਰ ਇੱਕ ਤੀਵੀਂ ਨੇ ਹੋਰਨਾਂ ਤੀਵੀਆਂ ਨੂੰ ਜਾ ਕੇ ਦੱਸਿਆ ਤੇ ਕਈਆਂ ਨੇ ਥੋੜ੍ਹਾ-ਥੋੜ੍ਹਾ ਸੌਦਾ ਲਿਆ ਤੇ ਨਾਲ ਹੀ ਉਸ ਨੂੰ ਕਿਹਾ ਕਿ ਉਹ ਕੱਲ੍ਹ ਨੂੰ ਘੁੰਙਣੀਆਂ ਲੈ ਕੇ ਆਵੇ।

ਦੂਜੇ ਦਿਨ ਸਵੇਰੇ ਪੰਜ-ਸੱਤ ਕੁੜੀਆਂ ਤੇ ਕੁੱਝ ਤੀਵੀਆਂ ਦਰਬਾਰ ਸਾਹਿਬ ਗਈਆਂ। ਇਸ ਸਮੇਂ ਉਨ੍ਹਾਂ ਨੇ ਰਾਹ ਵਿੱਚ ਕੋਲ ਖੋਤੇ ਨੂੰ ਹੀਂਗਦਾ ਸੁਣ ਕੇ ਥੁੱਕਦਿਆਂ ਉਹਨੂੰ ਨਹਿਸ਼ ਆਖਿਆ। ਦਰਬਾਰ ਸਾਹਿਬ ਦੇ ਪੌਣੇ ਵਿੱਚ ਇਸ਼ਨਾਨ ਕਰਨ ਮਗਰੋਂ ਦਿਨ ਵੱਡਾ ਚੜ੍ਹਨ ਕਰਕੇ ਉਨ੍ਹਾਂ ਨੂੰ ਫ਼ਿਕਰ ਲੱਗਾ ਕਿ ਨਾ ਉਨ੍ਹਾਂ ਐਤਵਾਰ ਦੀ ਕਥਾ ਸੁਣੀ ਹੈ ਤੇ ਨਾ ਰੋਟੀ ਪਕਾਈ ਹੈ। ਵਿੱਚੋਂ ਹੀ ਇੱਕ ਮਿਸਰਾਣੀ ਤੋਂ ਕਥਾ ਸੁਣ ਕੇ ਉਨ੍ਹਾਂ ਘਰ ਆ ਕੇ ਰੋਟੀ-ਟੁੱਕ ਕੀਤਾ।

ਇੱਕ ਹੁਣ ਇੱਕ ਵਣਜਾਰਾ ਆ ਗਿਆ ਤੇ ਸਾਰੀਆਂ ਉਸ ਦੁਆਲੇ ਇਕੱਠੀਆਂ ਹੋ ਕੇ ਦੰਦਾਸੇ, ਮੁਲੱਮੇ ਦੀਆਂ ਵਾਲੀਆਂ, ਬਿੰਦੀਆਂ ਅਤੇ ਛਾਪਾਂ-ਛੱਲਿਆਂ ਦੇ ਭਾਅ ਪੁੱਛਣ ਲੱਗੀਆਂ। ਇੰਨੇ ਨੂੰ ਇੱਕ ਬੁੱਢੀ ਆ ਕੇ ਵਣਜਾਰੇ ਨੂੰ ਪੈ ਗਈ ਤੇ ਨਾਲ ਹੀ ਉਸ ਦੁਆਲੇ ਖਿੜ-ਖਿੜ ਕਰਨ ਵਾਲੀਆਂ ਕੁੜੀਆਂ ਨੂੰ ਵੀ। ਬੁੱਢੀ ਦੀ ਡਾਂਟ ਸੁਣ ਕੇ ਵਣਜਾਰਾ ਡਰਦਾ ਚਲਾ ਗਿਆ।

ਇੱਕ ਫਿਰ ਗਲੀ ਵਿੱਚ ਇੱਕ ਪੱਤਰੀ ਵਾਲੇ ਪਾਂਡੇ ਨੇ ਆ ਕੇ ਇੱਕ ਤੀਵੀਂ ਨੂੰ ਭਰਮਾ ਲਿਆ ਤੇ ਉਹ ਉਸ ਨੂੰ ਆਪਣਾ ਹੱਥ ਦਿਖਾਉਣ ਲੱਗ ਪਈ। ਪਾਂਡੇ ਨੇ ਇੱਧਰ-ਉੱਧਰ ਦੀਆਂ ਮਾਰ ਕੇ ਉਸ ਨੂੰ ਕਿਹਾ ਕਿ ਉਸ ਦੇ ਪੁੱਤਰ ਮੂਲੇ ਨੇ ਛੇਤੀ ਵਿਆਹ ਜਾਣਾ ਹੈ। ਉਸ ਦੀ ਪੱਤਰੀ ਕਹਿੰਦੀ ਹੈ ਕਿ ਉਹ ਉਸ ਨੂੰ ਥੋੜ੍ਹਾ ਜਿਹਾ ਤੇਲ, ਧਨ ਦਾ ਕੱਪੜਾ ਤੇ ਕੁੱਝ ਚਾਂਦੀ

ਆਪਣੇ ਸਿਰ ਨਾਲ ਛੁਹਾ ਕੇ ਦੇਵੇ, ਫਿਰ ਉਸ ਦੇ ਸਾਰੇ ਦਲਿੱਦਰ ਦੂਰ ਹੋ ਜਾਣਗੇ। ਮੂਲੇ ਦੀ ਮਾਂ ਇਹ ਸਭ ਕੁੱਝ ਦੇਣ ਮਗਰੋਂ ਹੋਰਨਾਂ ਗੁਆਂਢਣਾਂ ਨੂੰ ਸੱਦ ਲਿਆਈ, ਜਿਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੰਦਿਆਂ ਪਾਂਡਾ ਇੱਧਰ ਉੱਧਰ ਦੀਆਂ ਮਾਰ ਕੇ ਕਿਸੇ ਦਾ ਛੱਲਾ, ਕਿਸੇ ਦੀ ਛਾਪ, ਕਿਸੇ ਦੇ ਕੰਨ ਦੀ ਵਾਲੀ, ਕਿਸੇ ਦੀ ਚਾਦਰ ਤੇ ਕਿਸੇ ਦੀ ਕੁੜਤੀ ਲੈ ਕੇ ਆਪਣੇ ਰਾਹ ਪੈ ਗਿਆ।

**2. ਸ਼ਰਧਾ ਰਾਮ ਫ਼ਿਲੌਰੀ ਨੇ ਕਿਸੇ ਛਾਬੜੀ ਜਾਂ ਕਿਸੇ ਵਣਜਾਰੇ ਦੇ ਆਉਣ ਤੇ ਗਲੀ ਦਾ ਦ੍ਰਿਸ਼ ਕਿਸ ਖ਼ੂਬੀ ਨਾਲ ਚਿਤਰਿਆ ਹੈ ?**

ਸ਼ਰਧਾ ਰਾਮ ਫ਼ਿਲੌਰੀ ਨੇ ਅੱਜ ਤੋਂ ਸਵਾ ਕੁ ਸੌ ਸਾਲ ਪਹਿਲਾਂ ਦੇ ਪੰਜਾਬ ਦੀ ਗਲੀ ਵਿੱਚ ਕਿਸੇ ਛਾਬੜੀ ਵਾਲੇ ਜਾਂ ਵਣਜਾਰੇ ਦੇ ਆਉਣ ਨੂੰ ਬੜੇ ਯਥਾਰਥਕ ਤੇ ਸਜੀਵ ਰੂਪ ਵਿੱਚ ਚਿਤਰਿਆ ਹੈ। ਇਨ੍ਹਾਂ ਦ੍ਰਿਸ਼ਾਂ ਨੂੰ ਸਾਕਾਰ ਰੂਪ ਦੇਣ ਲਈ ਲੇਖਕ ਨੇ ਯਥਾਰਥਕ ਘਟਨਾਵਾਂ, ਸ਼ਬਦ-ਚਿੱਤਰਾਂ, ਕੁੜੀਆਂ, ਔਰਤਾਂ ਤੇ ਬੁੱਢੀਆਂ ਦੀ ਜਿਊਂਦੇ-ਜਾਗਦੇ ਤੇ ਕੁਦਰਤੀ ਪਾਤਰਾਂ ਅਤੇ ਛੋਟੇ-ਛੋਟੇ ਚੁਸਤ ਵਾਰਤਾਲਾਪ ਤੋਂ ਕੰਮ ਲਿਆ ਹੈ।

**3. ਪਾਂਡਾ ਭੋਲੀਆਂ-ਭਾਲੀਆਂ ਔਰਤਾਂ ਨੂੰ ਕਿਵੇਂ ਵਰਗਲਾ ਕੇ ਲੁੱਟਦਾ ਹੈ ?**

ਪਾਂਡਾ ਭੋਲੀਆਂ-ਭਾਲੀਆਂ ਔਰਤਾਂ ਨੂੰ ਲੁੱਟਣ ਲਈ ਹੱਥ ਵਿੱਚ ਪੱਤਰੀ ਫੜ ਕੇ ਆਉਂਦਾ ਹੈ ਤੇ ਖ਼ੁਸ਼ਾਮਦੀ ਲਹਿਜੇ ਵਿੱਚ ਇਸਤਰੀਆਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਫਿਰ ਉਹ ਉਨ੍ਹਾਂ ਦੇ ਹੱਥ ਦੇਖਦਾ ਅਤੇ ਕਿਸਮਤ ਬਾਰੇ ਭਵਿੱਖਬਾਣੀਆਂ ਕਰਦਾ ਹੋਇਆ ਕਿਸੇ ਨੂੰ ਉਸ ਦੇ ਪੁੱਤਰ ਦੇ ਵਿਆਹ ਬਾਰੇ, ਕਿਸੇ ਨੂੰ ਗੁਆਂਢਣ ਦੇ ਦਗ਼ੇ ਬਾਰੇ, ਕਿਸੇ ਨੂੰ ਭਰਾ ਦੀ ਕੁੜਮਾਈ ਬਾਰੇ ਤੇ ਕਿਸੇ ਨੂੰ ਕਿਸਮਤ ਵਿੱਚ ਦਾਨ ਦੇ ਹੋਣ ਬਾਰੇ ਦੱਸ ਕੇ ਉਨ੍ਹਾਂ ਤੋਂ ਛਾਪਾਂ, ਛੱਲੇ, ਚਾਦਰਾਂ, ਕੁੜਤੇ, ਚਾਂਦੀ ਤੇ ਤੇਲ ਆਦਿ ਲੁੱਟਦਾ ਹੈ।

**4. 'ਮਨ ਚੰਗਾ ਅਤੇ ਕਟੋਰੀ ਵਿੱਚ ਗੰਗਾ' ਅਖਾਣ ਦਾ ਕੀ ਭਾਵ ਹੈ ?**

ਇਸ ਦਾ ਭਾਵ ਇਹ ਹੈ ਕਿ ਜਦੋਂ ਬੰਦੇ ਦਾ ਮਨ ਚੰਗਾ ਹੋਵੇ, ਤਾਂ ਸਾਰੇ ਤੀਰਥਾਂ ਦਾ ਮਹਾਤਮ ਘਰ ਵਿੱਚ ਹੀ ਪ੍ਰਾਪਤ ਹੋ ਜਾਂਦਾ ਹੈ, ਫਿਰ ਤੀਰਥਾਂ ਉੱਤੇ ਜਾਣ ਦੀ ਲੋੜ ਨਹੀਂ ਰਹਿੰਦੀ।

## ਵਸਤੂ ਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ‘ਗਲੀ ਵਿੱਚ’ ਵਾਰਤਕ ਲੇਖ ਕਿਸ ਦੀ ਰਚਨਾ ਹੈ ?

   ਸ਼ਰਧਾ ਰਾਮ ਫਿਲੌਰੀ

2. ‘ਗਲੀ ਵਿੱਚ’ ਲੇਖ ਵਿੱਚ ਕਿਹੜੇ ਸ਼ਹਿਰ ਦੀ ਗਲੀ ਦਾ ਜ਼ਿਕਰ ਹੈ ?

   ਅੰਮ੍ਰਿਤਸਰ ਦੀ ਗਲੀ

3. ਗਲੀ ਵਿੱਚ ਸਭ ਤੋਂ ਪਹਿਲਾਂ ਕਿਸੇ ਨੇ ਹੋਕਾ ਦਿੱਤਾ ?

   ਛਾਪੜੀ ਵਾਲਾ

4. ਤ੍ਰੀਮਤਾਂ ਨੇ ਕਿਸ ਤੋਂ ਕਥਾ ਸੁਣੀ?

   ਮਿਸਰਾਣੀ ਤੋਂ

5. ਬੁੱਢੀ ਨੇ ਕਿਸ ਨੂੰ ਡਾਂਟਿਆ ?

   ਵਣਜਾਰੇ ਨੂੰ ਤੇ ਕੁੜੀਆਂ ਨੂੰ